ਅਤਿ ਜ਼ਰੂਰੀ

ਪੰਜਾਬ ਸਰਕਾਰ
ਮਾਲ ਅਤੇ ਪੁਨਰਵਾਸ ਵਿਭਾਗ
(ਮਾਲ ਅਮਲਾ- 1 ਸ਼ਾਖਾ(

ਸੇਵਾ ਵਿਖੇ,

1. ਰਾਜ ਦੇ ਸਮੂਹ ਜਿਲ੍ਹਾ ਮਾਲ ਅਫਸਰ।
2. ਰਾਜ ਦੇ ਸਮੂਹ ਤਹਿਸੀਲਦਾਰ।

ਮੀਮੋ ਨੰ: 9/4/20-ਮ.ਅ.-1 (1)/ 6881
ਚੰਡੀਗੜ੍ਹ, ਮਿਤੀ: 21/05/2020

ਵਿਸ਼ਾ: ਮਾਲ ਵਿਭਾਗ ਵਿੱਚ ਜਿਲ੍ਹਾ ਮਾਲ ਅਫਸਰਾਂ/ਤਹਿਸੀਲਦਾਰਾਂ ਦੀਆਂ ਸਾਲ 2019-20 ਦੀਆਂ ਸਲਾਨਾ ਗੁਪਤ ਰਿਪੋਰਟਾਂ ਲਿਖਵਾਉਣ ਲਈ ਸੈਲਫ ਅਪ੍ਰੇਜਲ ਫਾਰਮ ਭੇਜਣ ਬਾਰੇ।

ਆਪ ਨੂੰ ਸਾਲ 2019-20 ਦੀ ਸਲਾਨਾ ਗੁਪਤ ਰਿਪੋਰਟ ਸਬੰਧੀ ਸੈਲਫ ਅਪ੍ਰੇਜਲ ਦਾ ਪ੍ਰੋਫਾਰਮਾ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਵਿੱਚ ਆਪਣੇ ਵੱਲੋਂ ਦਿੱਤੀ ਜਾਣ ਵਾਲੀ ਸੂਚਣਾ ਮੁਕੰਮਲ ਤੌਰ ਤੇ ਪੱਤਰ ਜਾਰੀ ਹੋਣ ਦੇ 15 ਦਿਨਾਂ ਅੰਦਰ-ਅੰਦਰ ਭਰਕੇ ਸਬੰਧਤ ਰਿਪੋਰਟ ਕਰਤਾ ਅਧਿਕਾਰੀ ਨੂੰ ਭੇਜਦੇ ਹੋਏ ਇਸਦਾ ਇੱਕ ਉਤਾਰਾ ਸਰਕਾਰ ਨੂੰ (ਨੱਥੀ ਸਪੈਸੀਮੈਨ ਅਨੁਸਾਰ) ਵੀ ਭੇਜਿਆ ਜਾਵੇ ਕਿ ਆਪ ਵੱਲੋਂ ਕਿਸੇ ਪੱਤਰ ਅਤੇ ਮਿਤੀ ਰਾਹੀਂ ਕਿਸੇ ਅਧਿਕਾਰੀ ਨੂੰ ਇਹ ਸੈਲਫ ਅਪ੍ਰੇਜਲ ਪ੍ਰੋਫਾਰਮਾ ਭੇਜਿਆ ਹੈ ਅਤੇ ਸਬੰਧਤ ਰਿਪੋਰਟਿੰਗ ਅਫਸਰ ਨੂੰ ਨੱਥੀ ਕਵਰਿੰਗ ਲੈਟਰ ਅਨੁਸਾਰ ਸਬੰਧਤ ਰੀਵਿਊ ਕਰਤਾ ਅਥਾਰਟੀ ਦਾ ਨਾਂ ਵੀ ਦੱਸਿਆ ਜਾਵੇ। ਜੇਕਰ ਆਪ ਵੱਲੋਂ ਸਾਲ 2019-20 ਦੌਰਾਨ ਇੱਕ ਤੋਂ ਵੱਧ ਰਿਪੋਰਟ ਕਰਤਾ ਅਧਿਕਾਰੀਆਂ ਕੋਲ 3 ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਕੰਮ ਕੀਤਾ ਹੋਵੇ ਤਾਂ ਇਸ ਬਾਰੇ ਵੀ ਸਬੰਧਤ ਦੂਜੇ ਰਿਪੋਰਟ ਕਰਤਾ ਅਧਿਕਾਰੀਆਂ ਨੂੰ ਸੈਲਫ ਅਪ੍ਰੇਜਲ ਫਾਰਮ ਭਰਕੇ ਭੇਜਦੇ ਹੋਏ ਉਸਦਾ ਇੱਕ ਉਤਾਰਾ ਸਰਕਾਰ ਨੂੰ ਭੇਜਿਆ ਜਾਵੇ। ਆਪਣੀ ਰਿਪੋਰਟ ਵਿੱਚ ਰਿਪੋਰਟ ਲਿਖਣੇ ਦਾ ਸਮਾਂ ਸਾਫ ਲਿਖਿਆ ਜਾਵੇ ਅਤੇ ਜੇਕਰ ਕੋਈ ਸਮਾਂ 3 ਮਹੀਨੇ ਤੋਂ ਘੱਟ ਬਣਦਾ ਹੋਵੇ ਤਾਂ ਉਹ ਵੇਰਵੇ ਵੀ ਇਸ ਵਿਭਾਗ ਨੂੰ ਤੁਰੰਤ ਭੇਜੇ ਜਾਣ ਤਾਂ ਜੋ ਇਸ ਸਮੇਂ ਬਾਰੇ ਨੋ ਰਿਪੋਰਟ ਸਰਟੀਫਿਕੇਟ ਜਾਰੀ ਕੀਤਾ ਜਾ ਸਕੇ।

ਉਕਤ ਪੱਤਰ ਸਮੇਤ ਸੈਲਫ ਅਪ੍ਰੇਜਲ ਫਾਰਮ ਪੰਜਾਬ ਸਰਕਾਰ ਮਾਲ ਵਿਭਾਗ ਦੀ ਵੈਬਸਾਈਟ www.punjabrevenue.nic.in ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ।

ਰਾਜ ਸਰਕਾਰ ਵਲੋਂ ਪੱਤਰ ਨੰਬਰ 15/27/2008-2ਪੀ.ਪੀ.1/157 ਮਿਤੀ 04.05.2020 ਰਾਹੀਂ COVID-19 ਦੀ ਮਹਾਂਮਾਰੀ ਦੇ ਮੱਦੇਨਜਰ ਸਾਲ 2019-2020 ਦੀਆਂ ਏ.ਪੀ.ਏ.ਆਰ. ਲਿਖਣ ਦਾ ਸਮਾਂ ਵਧਾਇਆ ਜਾਂਦਾ ਜੋ ਹੇਠ ਲਿਖੇ ਅਨੁਸਾਰ ਹੈ:-

| Sr. No. | Details | Existing Schedule | Revised Schedule |
|---|---|---|---|
| 1. | ਕਾਡਰ ਕੰਟਰੋਲਿੰਗ ਅਥਾਰਟੀ ਸਬੰਧਤ ਅਧਿਕਾਰੀ/ਕਰਮਚਾਰੀ ਨੂੰ ਫਾਰਮ ਭੇਜੇਗੀ | 15 ਮਾਰਚ ਤੱਕ | 30 ਜੂਨ ਤੱਕ |
| 2. | ਅਧਿਕਾਰੀ/ਕਰਮਚਾਰੀ ਏ.ਪੀ.ਏ.ਆਰ. ਦਾ ਪ੍ਰੋਫਾਰਮਾ ਭਰਨ ਉਪਰੰਤ ਰਿਪੋਰਟ ਕਰਤਾ ਅਧਿਕਾਰੀ ਨੂੰ ਭੇਜੇਗਾ | 10 ਅਪ੍ਰੈਲ ਤੱਕ | 25 ਜੁਲਾਈ ਤੱਕ |
| 3. | ਰਿਪੋਰਟ ਕਰਤਾ ਅਧਿਕਾਰੀ ਵੱਲੋਂ ਟਿੱਪਣੀ/ਕਥਨ ਦਰਜ ਕਰਨ ਏ.ਪੀ.ਏ.ਆਰ.ਪ੍ਰੋਫਾਰਮਾ ਰਿਵਿਊਕਰਤਾ ਅਧਿਕਾਰੀ ਨੂੰ ਭੇਜਿਆ ਜਾਵੇਗਾ | 30 ਜੂਨ ਤੱਕ | 25 ਅਗਸਤ ਤੱਕ |
| 4. | ਰੀਵਿਊ ਕਰਤਾ ਅਧਿਕਾਰੀ ਵੱਲੋਂ ਟਿੱਪਣੀ/ਕਥਨ ਦਰਜ ਕਰਨ ਉਪਰੰਤ ਏ.ਪੀ.ਏ.ਆਰ. ਪ੍ਰੋਫਾਰਮਾ ਪ੍ਰਵਾਨਕਰਤਾ ਅਧਿਕਾਰੀ ਨੂੰ ਭੇਜਿਆ ਜਾਵੇਗਾ। | 15 ਅਗਸਤ ਤੱਕ | 30 ਸਤੰਬਰ ਤੱਕ |
| 5. | ਪ੍ਰਵਾਨਕਰਤਾ ਅਧਿਕਾਰੀ ਵਲੋਂ ਏ.ਪੀ.ਏ.ਆਰ. ਪ੍ਰਵਾਨ ਕਰਨ ਦਾ ਸਮਾਂ | 30 ਸਤੰਬਰ ਤੱਕ | 31 ਦਸੰਬਰ ਤੱਕ |

ਸੁਪਰਡੰਟ ਗ੍ਰੇਡ-1

ਪਿੱਠ ਅੰਕਣ ਨੰ: 9/4/20-ਮ.ਅ.-1 (1)/6882 ਚੰਡੀਗੜ੍ਹ, ਮਿਤੀ: 21/05/2020

ਅਤਿ ਜਰੂਰੀ

ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਜਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਕੰਮ ਕਰ ਚੁੱਕੇ ਜਾ ਕੰਮ ਕਰ ਰਹੇ ਰੈਗੂਲਰ ਤਹਿਸੀਲਦਾਰ/ਜਿਲ੍ਹਾ ਮਾਲ ਅਫਸਰਾਂ ਦੀਆ ਸਲਾਨਾ ਗੁਪਤ ਰਿਪੋਰਟਾਂ ਪ੍ਰੋਸਨਲ ਵਿਭਾਗ ਦੀਆਂ ਹਦਾਇਤਾਂ ਮਿਤੀ 28.05.1993 ਅਤੇ 04.05.2020 ਅਨੁਸਾਰ 30 ਸਤੰਬਰ ਤੱਕ ਹਰ ਹਾਲਤ ਵਿੱਚ ਰੀਵਿਊ ਕਰਤਾ ਅਧਿਕਾਰੀ ਵਜੋਂ ਮੁਕੰਮਲ ਕਰਕੇ ਵਿੱਤੀ ਕਮਿਸ਼ਨਰ ਮਾਲ, ਪੰਜਾਬ ਨੂੰ ਪ੍ਰਵਾਨ ਕਰਤਾ ਅਧਿਕਾਰੀ ਵਜੋਂ ਰਿਕਾਰਡ ਕਰਨ ਲਈ ਸਮੇਂ ਸਿਰ ਭੇਜਣਾ ਯਕੀਨੀ ਬਣਾਉਣਾ।

ਸੁਪਰਡੰਟ ਗ੍ਰੇਡ-1

ਪਿੱਠ ਅੰਕਣ ਨੰ: 9/4/20-ਮ.ਅ.-1 (1)/6883 ਚੰਡੀਗੜ੍ਹ, ਮਿਤੀ: 21/05/2020

ਇਸ ਦਾ ਇਕ ਉਤਾਰਾ ਪ੍ਰੋਜੈਕਟ ਮੈਨੇਜਰ, ਪੰਜਾਬ ਲੈਂਡ ਰਿਕਾਰਡ ਸੋਸਾਇਟੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਸਮੇਤ ਸੈਲਫ ਅਪ੍ਰੇਜਲ ਫਾਰਮ ਪੰਜਾਬ ਸਰਕਾਰ ਮਾਲ ਵਿਭਾਗ ਦੀ ਵੈੱਬਸਾਈਟ www.punjabrevenue.nic.in ਤੇ ਤੁਰੰਤ ਅਪਲੋਡ ਕੀਤਾ ਜਾਵੇ।

ਸੁਪਰਡੰਟ ਗ੍ਰੇਡ-1